**WELCOME TO THE AFL**



# AFL ਹਰ ਕਿਸੇ ਲਈ ਖੇਡ

AFL ਸਿਰਫ਼ ਇੱਕ ਖੇਡ ਹੋਣ ਨਾਲੋਂ ਕਿਤੇ ਵੱਧ ਹੈ, ਇਹ ਆਪਣੇ ਸਥਾਨਕ ਭਾਈਚਾਰੇ ਨਾਲ ਰਿਸ਼ਤਾ ਬਣਾਉਣ ਦਾ ਇੱਕ ਮਜ਼ੇਦਾਰ, ਸੰਵਾਦ ਭਰਪੂਰ (ਇੰਟਰਐਕਟਿਵ) ਤਰੀਕਾ ਹੈ ਅਤੇ ਇਸ ਵਿੱਚ ਹਰ ਕਿਸੇ ਨੂੰ ਪੇਸ਼ ਕਰਨ ਲਈ ਕੁੱਝ ਨਾ ਕੁੱਝ ਹੈ ਜਿਸ ਵਿੱਚ ਸ਼ਾਮਲ ਹਨ:

- ਭਾਈਚਾਰਿਆਂ ਨੂੰ ਇਕੱਠੇ ਲਿਆਉਣ ਦਾ ਤਰੀਕਾ
- ਸਿਹਤ ਅਤੇ ਤੰਦਰੁਸਤੀ ਨੂੰ ਵਧਾਉਂਦੇ ਹੋਏ, ਨਵੇਂ ਹੁਨਰ ਸਿੱਖਣ ਦੀ ਯੋਗਤਾ
- ਆਤਮਵਿਸ਼ਵਾਸ ਪੈਦਾ ਕਰਨ ਅਤੇ ਨਵੇਂ ਦੋਸਤ ਬਣਾਉਣ ਦਾ ਮੌਕਾ
- ਕਹਾਣੀਆਂ ਸਾਂਝੀਆਂ ਕਰਨ, ਇਕੱਠੇ ਹੱਸਣ ਅਤੇ ਯਾਦਾਂ ਬਣਾਉਣ ਲਈ ਇੱਕ ਥਾਂ।



**ਭਾਵੇਂ ਤੁਸੀਂ ਦੇਖਣਾ, ਖੇਡਣਾ ਜਾਂ ਵਲੰਟੀਅਰ ਕਰਨਾ ਚਾਹੁੰਦੇ ਹੋ, ਇਹ ਪਤਾ ਲਗਾਓ ਕਿ ਤੁਸੀਂ ਕਿਵੇਂ ਸ਼ਾਮਲ ਹੋ ਸਕਦੇ ਹੋ... PLAY.AFL 'ਤੇ ਜਾਓ**

## ਆਪਣਾ ਕਲੱਬ ਚੁਣੋ!

ਸਾਡੇ ਸਾਰੇ 18 ਕਲੱਬ ਸ਼ਾਨਦਾਰ ਹਨ ਅਤੇ ਤੁਹਾਡਾ ਸਮਰਥਨ ਪਸੰਦ ਕਰਨਗੇ! ਇਹ ਚੁਣਨਾ ਔਖਾ ਹੋ ਸਕਦਾ ਹੈ, ਹਾਲਾਂਕਿ ਇੱਥੇ ਆਪਣੀ ਟੀਮ ਨੂੰ ਚੁਣਨ ਦੇ ਕੁੱਝ ਤਰੀਕੇ ਹਨ:

- ਆਪਣਾ ਸਥਾਨਕ ਫੁੱਟਬਾਲ ਕਲੱਬ ਚੁਣੋ
- ਗਰਨਸੀ ਦਾ ਪਸੰਦੀਦਾ ਰੰਗ/ਡਿਜ਼ਾਇਨ
- ਮਨਪਸੰਦ ਮਾਸਕੋਟ
- ਟੀਮ ਦਾ ਗੀਤ



AFL ਟੀਮ ਦਾ ਰੰਗ

**PLAY.AFL 'ਤੇ ਜਾਓ**

WELCOME TO THE AFL

# ਕਿੱਥੇ ਖੇਡਣਾ ਹੈ

ਹਰ ਉਮਰ ਲਈ ਪ੍ਰੋਗਰਾਮ ਅਤੇ ਮੁਕਾਬਲੇ ਹਨ। ਆਪਣੇ ਨੇੜੇ ਕੋਈ ਕਲੱਬ ਲੱਭਣ ਅਤੇ ਪਹਿਲੀ ਵਾਰ ਗੇਮ ਦਾ ਅਨੁਭਵ ਕਰਨ ਲਈ, **play.afl/club-finder** 'ਤੇ ਜਾਓ



ਆਪਣੇ ਨਜ਼ਦੀਕੀ ਕਲੱਬ ਨੂੰ ਔਨਲਾਈਨ ਲੱਭੋ



## ਕਿੱਥੇ ਦੇਖਣਾ ਹੈ

AFL ਗੇਮਾਂ ਆਸਟ੍ਰੇਲੀਆ ਭਰ ਦੇ ਸਟੇਡੀਅਮਾਂ ਵਿੱਚ ਖੇਡੀਆਂ ਜਾਂਦੀਆਂ ਹਨ, ਜਿਸ ਵਿੱਚ ਪ੍ਰਸਿੱਧ MCG ਵੀ ਸ਼ਾਮਲ ਹੈ ਜਿਸ ਵਿੱਚ 100,000 ਤੱਕ ਪ੍ਰਸ਼ੰਸਕ ਬੈਠ ਸਕਦੇ ਹਨ। ਇਹ ਮਾਹੌਲ ਸੱਚਮੁੱਚ ਅਦਭੁਤ ਹੈ ਅਤੇ ਕੁੱਝ ਅਜਿਹਾ ਹੈ ਜਿਸਦਾ ਹਰ ਕਿਸੇ ਨੂੰ ਅਨੁਭਵ ਕਰਨਾ ਚਾਹੀਦਾ ਹੈ।

- ਜੇਕਰ ਤੁਸੀਂ ਲਾਈਵ ਗੇਮ ਵਿੱਚ ਨਹੀਂ ਪਹੁੰਚ ਸਕਦੇ ਹੋ, ਤਾਂ ਵੀ ਤੁਸੀਂ ਇਸਨੂੰ ਟੀਵੀ 'ਤੇ ਲਾਈਵ ਦੇਖ ਸਕਦੇ ਹੋ
- ਸਾਡੇ ਕੋਲ ਇੱਕ ਐਪ ਵੀ ਹੈ ਜਿੱਥੇ ਤੁਸੀਂ ਗੇਮਾਂ ਨੂੰ ਦੇਖ ਸਕਦੇ ਹੋ




ਟੀਵੀ 'ਤੇ AFL ਗੇਮਾਂ ਦੇਖੋ




AFL ਐਪ ਰਾਹੀਂ ਗੇਮਾਂ ਨੂੰ ਚਲਾਓ

## ਕਮਿਊਨਿਟੀ ਅੰਬੈਸਡਰ ਪ੍ਰੋਗਰਾਮ

AFL ਕਮਿਊਨਿਟੀ ਅੰਬੈਸਡਰ ਬਣੋ ਅਤੇ ਆਪਣੇ ਭਾਈਚਾਰੇ ਨੂੰ ਖੇਡਾਂ ਵਿੱਚ ਸ਼ਾਮਲ ਕਰਨ ਵਿੱਚ ਮੱਦਦ ਕਰੋ। ਤੁਸੀਂ ਆਪਣੇ ਭਾਈਚਾਰੇ ਅਤੇ ਸਮੁੱਚੇ ਸਮਾਜ ਲਈ ਮਹੱਤਵਪੂਰਨ ਯੋਗਦਾਨ ਪਾ ਰਹੇ ਹੋਵੋਗੇ।

ਇਸਦੇ ਫ਼ਾਇਦਿਆਂ ਵਿੱਚ ਸ਼ਾਮਲ ਹਨ:

- ਖੇਡ ਦੁਆਰਾ ਸਕਾਰਾਤਮਕ ਕਮਿਊਨਿਟੀ ਸਿਹਤ ਨਤੀਜਿਆਂ ਵਿੱਚ ਯੋਗਦਾਨ ਪਾਉਣਾ
- ਅੰਤਰ-ਸੱਭਿਆਚਾਰਕ ਅਤੇ ਗੱਲਬਾਤ ਸੰਬੰਧੀ ਹੁਨਰਾਂ ਨੂੰ ਸੁਧਾਰਨ ਦਾ ਇੱਕ ਮੌਕਾ
- AFL ਬਹੁ-ਸੱਭਿਆਚਾਰਕ ਅਤੇ ਸਵਦੇਸ਼ੀ ਪ੍ਰੋਗਰਾਮਾਂ ਦੇ ਨਿਰੰਤਰ ਵਾਧੇ ਲਈ ਵਿਚਾਰ ਪ੍ਰਦਾਨ ਕਰਨਾ
- ਪੇਸ਼ੇਵਰ ਵਿਕਾਸ ਪ੍ਰੋਗਰਾਮ ਅਤੇ ਸੁਧਰੇ ਹੋਏ ਰੁਜ਼ਗਾਰ ਯੋਗਤਾ ਦੇ ਹੁਨਰ

ਆਪਣੇ ਸਥਾਨਕ ਕਲੱਬ ਨਾਲ ਸੰਪਰਕ ਕਰੋ ਅਤੇ ਪਤਾ ਲਗਾਓ ਕਿ ਤੁਸੀਂ ਕਿਵੇਂ ਫ਼ਰਕ ਲਿਆ ਸਕਦੇ ਹੋ, ਜਾਂ ਹੋਰ ਜਾਣਕਾਰੀ ਲਈ **play.afl** 'ਤੇ ਜਾਓ।



PLAY.AFL 'ਤੇ ਜਾਓ